## ਪ੍ਰਧਾਨਗੀ

### ਡਾ. ਦੀਪਕ ਮਨਮੋਹਨ ਸਿੰਘ

ਸਾਬਕਾ ਡਾਇਰੈਕਟਰ, ਵਰਲਡ ਪੰਜਾਬੀ ਸੈਂਟਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ,
ਸੀਨੀਅਰ ਫੈਲੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

## ਕੁੰਜੀਵਤ ਭਾਸ਼ਣ

### ਡਾ. ਜਸਵਿੰਦਰ ਸਿੰਘ

ਪ੍ਰੋਫੈਸਰ ਅਤੇ ਸਾਬਕਾ ਮੁਖੀ ਪੰਜਾਬੀ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

## ਵਿਸ਼ਾ ਵਿਸ਼ੇਸ਼ਗ

### ਡਾ. ਰਜਨੀਸ਼ ਬਹਾਦਰ ਸਿੰਘ

ਸੰਪਾਦਕ 'ਪ੍ਰਵਚਨ'
ਸਾਬਕਾ ਮੁਖੀ ਪੀ.ਜੀ. ਪੰਜਾਬੀ ਵਿਭਾਗ
ਡੀ.ਏ.ਵੀ. ਕਾਲਜ, ਜਲੰਧਰ

### ਡਾ. ਸਤਨਾਮ ਸਿੰਘ ਜੱਸਲ

ਪ੍ਰੋਫੈਸਰ ਤੇ ਸਾਬਕਾ ਮੁਖੀ, ਪੰਜਾਬੀ ਯੂਨੀਵਰਸਿਟੀ,
ਰੀਜ਼ਨਲ ਸੈਂਟਰ ਬਠਿੰਡਾ

### ਡਾ. ਜੀਤ ਸਿੰਘ ਜੋਸ਼ੀ

ਪ੍ਰੋਫੈਸਰ ਤੇ ਸਾਬਕਾ ਮੁਖੀ, ਪੋਸਟ ਗਰੈਜੂਏਟ ਵਿਭਾਗ,
ਪੰਜਾਬੀ ਯੂਨੀਵਰਸਿਟੀ, ਰੀਜ਼ਨਲ ਸੈਂਟਰ ਬਠਿੰਡਾ



## ਸਾਰਾਂਸ਼ (Abstract) ਅਤੇ ਪਰਚਾ ਭੇਜਣ ਸੰਬੰਧੀ

ਡੈਲੀਗੇਟਸ ਆਪਣੇ ਖੋਜ-ਪੱਤਰ ਨਾਲ ਸੰਬੰਧਿਤ ਸਾਰਾਂਸ਼ (ਲਗਭਗ 250 ਸ਼ਬਦਾਂ ਵਿੱਚ) ਮਿਤੀ 12-03-2018 ਤੱਕ ਅਤੇ ਪੂਰਾ ਪੇਪਰ (ਲਗਭਗ 2000 ਸ਼ਬਦਾਂ ਵਿਚ) ਮਿਤੀ 20-03-2018 ਤੱਕ Punjabideptdavbti@gmail.com ਤੇ ਐਮ.ਐਸ. ਵਰਡ, 12 ਫੌਂਟ ਸਾਈਜ਼, ਸਿੰਗਲ ਲਾਈਨ ਸਪੇਸਿੰਗ ਅਨੁਸਾਰ ਪੰਜਾਬੀ ਲਈ ਯੂਨੀਕੋਡ ਫੌਂਟ, ਅੰਗਰੇਜੀ ਲਈ 'ਟਾਈਮਜ਼ ਨਿਊ ਰੋਮਨ' ਅਤੇ ਹਿੰਦੀ ਲਈ 'ਕਰੁਤੀ ਦੇਵ 010' ਫੌਂਟ ਵਿੱਚ ਭੇਜਣ।

## ਰਜਿਸਟ੍ਰੇਸ਼ਨ ਫੀਸ

ਅਧਿਆਪਕਾਂ ਲਈ 500/- ਰੁਪਏ, ਵਿਦਿਆਰਥੀਆਂ ਲਈ 250/- ਰੁਪਏ ਅਤੇ ਖੋਜ-ਪੱਤਰ ਪਬਲੀਕੇਸ਼ਨ ਫੀਸ 500/- ਰੁਪਏ (2500 ਸ਼ਬਦਾਂ ਤੋਂ ਵੱਧ ਵਾਲੇ ਖੋਜ-ਪੱਤਰ 'ਤੇ ਵਾਧੂ ਫੀਸ 500/- ਰੁਪਏ)
ਮਿਆਰੀ ਖੋਜ-ਪੱਤਰ ਆਈ.ਐਸ.ਬੀ.ਐਨ. ਨੰਬਰ ਸਮੇਤ ਪੁਸਤਕ ਰੂਪ ਵਿੱਚ ਛਾਪੇ ਜਾਣਗੇ।

## ਪ੍ਰੋਗਰਾਮ

**ਸ਼ਨੀਵਾਰ, 31 ਮਾਰਚ 2018**

| | |
|---|---|
| ਰਜਿਸਟਰੇਸ਼ਨ | ਸਵੇਰੇ 9:00 ਵਜੇ ਤੋਂ 10:00 ਵਜੇ ਤੱਕ |
| ਉਦਘਾਟਨੀ ਸੈਸ਼ਨ | ਸਵੇਰੇ 10:00 ਵਜੇ ਤੋਂ 11:00 ਵਜੇ ਤੱਕ |
| ਵਿਦਾਇਗੀ ਭਾਸ਼ਣ | ਦੁਪਹਿਰ 3:00 ਵਜੇ ਤੋਂ 4:00 ਵਜੇ ਤੱਕ |

**ਸੰਪਰਕ ਸੂਤਰ:**


ਪ੍ਰੋ. ਵਰੇਸ਼ ਗੁਪਤਾ (ਕਨਵੀਨਰ) - 94175-39149
ਪ੍ਰੋ. ਰਵਿੰਦਰ ਸਿੰਘ ( ਆਯੋਜਿਤ ਸੱਕਤਰ) - 94173-08485
ਡਾ. ਸੁਖਦੀਪ ਕੌਰ (ਕੋ-ਕਨਵੀਨਰ) - 94172-33340

ਡੀ.ਏ.ਵੀ. ਕਾਲਜ, ਬੀਬੀ ਵਾਲਾ ਰੋਡ, ਬਠਿੰਡਾ
ਫੋਨ: 0164-2970206, 2214555, 2241666

www.davbathinda.com
www.facebook.com/dav_college_bathinda
http://twitter.com/dav_college


# ਡੀ.ਏ.ਵੀ. ਕਾਲਜ, ਬਠਿੰਡਾ

Sharpening Intellect
Shaping Career

ਦੇ

ਪੋਸਟ ਗਰੈਜੂਏਟ ਪੰਜਾਬੀ ਵਿਭਾਗ ਵੱਲੋਂ ਆਯੋਜਿਤ

# ਰਾਸ਼ਟਰੀ ਸੈਮੀਨਾਰ

## ਪੰਜਾਬੀ ਸਭਿਆਚਾਰ 'ਤੇ ਵਿਸ਼ਵੀਕਰਨ ਦਾ ਪ੍ਰਭਾਵ

31 ਮਾਰਚ, 2018



**ਚੀਫ ਪੈਟਰਨ**
ਆਰੀਆ ਰਤਨ ਪਦਮ ਸ਼੍ਰੀ
ਡਾ. ਪੂਨਮ ਸੂਰੀ ਜੀ

**ਪੈਟਰਨ**
ਡਾ. ਸਤੀਸ਼ ਸ਼ਰਮਾਂ
ਡਾਇਰੈਕਟਰ ਕਾਲਜਜ਼,
ਡੀ.ਏ.ਵੀ.ਸੀ.ਐਮ.ਸੀ. ਨਵੀਂ ਦਿੱਲੀ

**ਸੈਮੀਨਾਰ-ਡਾਇਰੈਕਟਰ**
ਡਾ. ਸੰਜੀਵ ਸ਼ਰਮਾਂ
ਪ੍ਰਿੰਸੀਪਲ, ਡੀ.ਏ.ਵੀ. ਕਾਲਜ, ਬਠਿੰਡਾ

**ਕਨਵੀਨਰ**
ਪ੍ਰੋ. ਵਰੇਸ਼ ਗੁਪਤਾ
ਮੁਖੀ ਪੰਜਾਬੀ ਵਿਭਾਗ
ਡੀ.ਏ.ਵੀ. ਕਾਲਜ, ਬਠਿੰਡਾ

**ਆਯੋਜਿਤ ਸਕੱਤਰ**
ਪ੍ਰੋ. ਰਵਿੰਦਰ ਸਿੰਘ

**ਕੋ-ਕਨਵੀਨਰ**
ਡਾ. ਸੁਖਦੀਪ ਕੌਰ

**ਪ੍ਰਬੰਧਕੀ ਕਮੇਟੀ**
ਡਾ. ਸਤਿੰਦਰ ਕੌਰ
ਪ੍ਰੋ. ਰਵੀ ਨਾਗਪਾਲ
ਪ੍ਰੋ. ਬਲਵਿੰਦਰ ਕੌਰ
ਪ੍ਰੋ. ਕਿਰਨ ਕੌਰ
ਪ੍ਰੋ. ਕੁਲਵਿੰਦਰ ਕੌਰ
ਪ੍ਰੋ. ਹਰਜਿੰਦਰ ਸਿੰਘ
ਪ੍ਰੋ. ਸਰਬਜੀਤ ਕੌਰ
ਪ੍ਰੋ. ਰੀਤੂ ਕੌਰ
ਪ੍ਰੋ. ਮਨਪ੍ਰੀਤ ਕੌਰ
ਪ੍ਰੋ. ਵੀਰਪਾਲ ਕੌਰ

## ਸੱਦਾ ਪੱਤਰ

ਆਪ ਜੀ ਨੂੰ ਇਹ ਸੱਦਾ-ਪੱਤਰ ਭੇਜਣ ਲਈ ਮੈਂ ਬਹੁਤ ਖੁਸ਼ੀ ਅਤੇ ਮਾਣ ਮਹਿਸੂਸ ਕਰਦਾ ਹਾਂ ਕਿ ਇਕ ਰੋਜ਼ਾ ਰਾਸ਼ਟਰੀ ਸੈਮੀਨਾਰ 'ਪੰਜਾਬੀ ਸਭਿਆਚਾਰ 'ਤੇ ਵਿਸ਼ਵੀਕਰਨ ਦਾ ਪ੍ਰਭਾਵ' ਵਿਸ਼ੇ ਤੇ 31 ਮਾਰਚ, 2018 ਨੂੰ ਕਾਲਜ ਵਿਚ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਸੈਮੀਨਾਰ ਵਿਚ ਵਿੱਦਿਅਕ ਤੇ ਸਾਹਿਤਕ ਖੇਤਰ ਵਿਚ ਨਾਮਵਰ ਸ਼ਖ਼ਸੀਅਤਾਂ ਡਾ. ਦੀਪਕ ਮਨਮੋਹਨ ਸਿੰਘ, ਡਾ. ਜਸਵਿੰਦਰ ਸਿੰਘ, ਡਾ. ਰਜਨੀਸ਼ ਬਹਾਦਰ ਸਿੰਘ, ਡਾ. ਸਤਨਾਮ ਸਿੰਘ ਜੱਸਲ, ਡਾ. ਜੀਤ ਸਿੰਘ ਜੋਸ਼ੀ ਦੇ ਬਹੁਮੁੱਲੇ ਵਿਚਾਰ ਸੁਣਨ ਦਾ ਸੁਭਾਗ ਪ੍ਰਾਪਤ ਹੋਵੇਗਾ। ਆਪਣੀ ਸੰਸਥਾ ਵਿਚੋਂ ਵੱਧ ਤੋਂ ਵੱਧ ਅਧਿਆਪਕਾਂ ਦੀ ਸ਼ਮੂਲੀਅਤ ਕਰਵਾ ਕੇ ਇਸ ਅਵਸਰ ਦੀ ਸ਼ੋਭਾ ਵਧਾਉਣ ਦੀ ਗੁਜ਼ਾਰਿਸ਼ ਹੈ।

## ਮੇਜ਼ਬਾਨ ਸੰਸਥਾ

ਡੀ.ਏ.ਵੀ. ਕਾਲਜ, ਬਠਿੰਡਾ ਸੰਨ 1969 ਤੋਂ ਡੀ.ਏ.ਵੀ. ਕਾਲਜ ਮੈਨੇਜਿੰਗ ਕਮੇਟੀ, ਨਵੀਂ ਦਿੱਲੀ ਵੱਲੋਂ ਸੰਚਾਲਿਤ ਮਾਲਵੇ ਖੇਤਰ ਦਾ ਇਕੋ-ਇਕ ਪੰਜਾਬ ਸਰਕਾਰ ਤੋਂ ਸਹਾਇਤਾ ਪ੍ਰਾਪਤ ਉੱਚ ਵਿੱਦਿਅਕ ਗੈਰ-ਸਰਕਾਰੀ ਅਦਾਰਾ ਹੈ। ਇਹ ਕਾਲਜ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਨਵੀਂ ਦਿੱਲੀ ਵੱਲੋਂ ਸੈਕਸ਼ਨ 2(ਐਫ) ਅਤੇ 12(ਬੀ), ਐਕਟ 1956 ਤਹਿਤ ਪ੍ਰਵਾਨਿਤ ਹੈ। ਕਿਸੇ ਸਮੇਂ ਵਿੱਦਿਅਕ ਖੇਤਰ ਵਿਚ ਪੱਛੜਿਆ ਇਲਾਕਾ ਜਾਣੇ ਜਾਂਦੇ ਬਠਿੰਡਾ ਸ਼ਹਿਰ ਅਤੇ ਇਸ ਦੇ ਆਲੇ-ਦੁਆਲੇ ਦੇ ਇਲਾਕੇ ਦੇ ਪੇਂਡੂ ਅਤੇ ਸ਼ਹਿਰੀ ਨੌਜਵਾਨਾਂ ਨੂੰ ਸਿੱਖਿਆ, ਸਮਾਜਿਕ ਕਦਰਾਂ-ਕੀਮਤਾਂ, ਖੇਡ ਖੇਤਰ ਅਤੇ ਸਮਾਜ ਵਿਚ ਆਪਣੀ ਨਿਵੇਕਲੀ ਪਹਿਚਾਣ ਬਣਾਉਣ ਲਈ ਇਸ ਕਾਲਜ ਦਾ ਬਹੁਤ ਵੱਡਾ ਯੋਗਦਾਨ ਹੈ। ਇਹ ਕਾਲਜ ਸਵਾਮੀ ਦਯਾਨੰਦ ਅਤੇ ਮਹਾਤਮਾ ਹੰਸਰਾਜ ਵਰਗੇ ਦਾਰਸ਼ਨਿਕ ਅਤੇ ਦੂਰਅੰਦੇਸ਼ੀ ਮਹਾਂਪੁਰਸ਼ਾਂ ਦੀ ਸੋਚ ਦਾ ਪ੍ਰਤੀਕ ਹੈ ਅਤੇ ਉਹਨਾਂ ਦੇ ਦਰਸਾਏ ਪੂਰਨਿਆਂ 'ਤੇ ਚੱਲ ਕੇ ਇਹ ਕਾਲਜ ਹਰ ਖੇਤਰ ਵਿਚ ਵੱਡੀਆਂ ਮੱਲਾਂ ਮਾਰ ਰਿਹਾ ਹੈ। ਇਹ ਕਾਲਜ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਮਾਨਤਾ ਪ੍ਰਾਪਤ ਹੈ ਅਤੇ ਵੱਖ-ਵੱਖ ਵਿਸ਼ਿਆਂ ਵਿਚ ਗਰੈਜੂਏਸ਼ਨ ਤੋਂ ਇਲਾਵਾ ਨੌਂ ਵਿਸ਼ਿਆਂ ਵਿਚ ਪੋਸਟ-ਗ੍ਰੈਜੂਏਸ਼ਨ ਪੱਧਰ ਤੱਕ ਦੀ ਪੜ੍ਹਾਈ ਦਾ ਖਾਸ ਪ੍ਰਬੰਧ ਹੈ।

## ਸੈਮੀਨਾਰ ਬਾਰੇ

ਅੱਜ ਵਿਸ਼ਵੀਕਰਨ ਦਾ ਦੌਰ ਉਦਾਰੀਕਰਨ ਅਤੇ ਨਿੱਜੀਕਰਨ ਦਾ ਦੌਰ ਹੈ। ਵਿਸ਼ਵੀਕਰਨ ਦਾ ਪ੍ਰਭਾਵ ਭਾਰਤ, ਪੰਜਾਬ ਅਤੇ ਦੁਨੀਆਂ ਦੇ ਦੇਸ਼ਾਂ ਉਪਰ ਪੈਣਾ ਸ਼ੁਰੂ ਹੋਇਆ ਹੈ। ਇਹ ਪ੍ਰਭਾਵ ਬਹੁ-ਧਰਤੀ ਅਤੇ ਬਹੁ-ਦਿਸ਼ਾਵੀ ਹੈ, ਇਸ ਪ੍ਰਭਾਵ ਨਾਲ ਸਾਡੇ ਪੰਜਾਬੀ ਸਭਿਆਚਾਰ ਲਈ ਨਵੇਂ ਮੌਕੇ, ਨਵੀਆਂ ਸੰਭਾਵਨਾਵਾਂ ਅਤੇ ਨਵੇਂ ਗਿਆਨ ਦੇ ਨਵੇਂ ਸੋਮਿਆਂ ਦੀਆਂ ਸੰਭਾਵਨਾਵਾਂ ਪੈਦਾ ਹੋਈਆਂ ਹਨ। ਇਉਂ ਲਗਦਾ ਹੈ ਜਿਵੇਂ ਦੁਨੀਆ ਇਕ ਸੂਤਰ ਵਿਚ ਪਰੋਈ ਜਾਣ ਲੱਗੀ ਹੈ। ਸੂਚਨਾ ਤੰਤਰ ਨੇ ਵਿਸ਼ਵ ਸਭਿਅਤਾ ਤੇ ਤਜ਼ਰਬਿਆਂ ਨੂੰ ਦੁਨੀਆਂ ਦੇ ਹਰੇਕ ਕੋਨੇ ਵਿਚ ਪਹੁੰਚਾਉਣਾ ਸ਼ੁਰੂ ਕਰ ਦਿੱਤਾ ਹੈ। ਦੁਨੀਆਂ ਦੇ ਨਕਸ਼ੇ ਉੱਪਰ ਨਵੀਆਂ ਕ੍ਰਾਂਤੀਆਂ, ਨਵੇਂ ਪ੍ਰਯੋਗ ਹੋਣੇ ਸ਼ੁਰੂ ਹੋਏ ਹਨ, ਪਰੰਤੂ ਦੂਸਰੇ ਪਾਸੇ ਵਿਸ਼ਵੀਕਰਨ ਦੇ ਵਰਤਾਰੇ ਨੇ ਪੰਜਾਬ ਦੇ ਅਮੀਰ ਸਭਿਆਚਾਰ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ ਹੈ ਭਾਵ ਪੰਜਾਬੀ ਸਭਿਆਚਾਰ ਸੰਚਾਰ ਅਤੇ ਮੀਡੀਆ ਰਾਹੀਂ ਬਹੁ-ਕੌਮੀ ਕੰਪਨੀਆਂ ਦੇ ਚੱਕਰ ਦੁਆਰਾ ਪੱਛਮ ਦੇ ਅਜਿਹੇ ਗੁੰਝਲਦਾਰ ਪ੍ਰਭਾਵ ਅਤੇ ਜਾਲ ਵਿਚ ਫਸਦਾ ਜਾ ਰਿਹਾ ਹੈ, ਜਿਸ ਵਿਚੋਂ ਨਿਕਲਣਾ ਅਸੰਭਵ ਜਾਪਦਾ ਹੈ ਕਿਉਂਕਿ ਵਿਸ਼ਵੀਕਰਨ ਨੇ ਪੰਜਾਬੀ ਸਭਿਆਚਾਰ ਨੂੰ ਜਿਸ ਪੂੰਜੀ ਤੇ ਖਪਤ ਦੌਰ ਵਿਚ ਗ੍ਰਸਤ ਕੀਤਾ ਹੈ, ਉੱਥੇ ਪੰਜਾਬੀ ਸਭਿਆਚਾਰ ਦੇ ਆਪਣੇ ਆਦਰਸ਼ ਅਤੇ ਵਿਸ਼ਵਾਸ ਤਿੜਕ ਰਹੇ ਹਨ। ਅਜਿਹੇ ਤੇਜ਼ ਵਰਤਾਰੇ ਵਿਚ ਪੰਜਾਬੀ ਸਭਿਆਚਾਰ ਦੀ ਮੂਲ ਪਛਾਣ ਦਾ ਗੰਭੀਰ ਮੁੱਦਾ ਵਾਚਣਾ ਜ਼ਰੂਰੀ ਹੈ। ਵਿਸ਼ਵੀਕਰਨ ਨੇ ਪੰਜਾਬੀ ਸਭਿਆਚਾਰ ਨੂੰ ਕਿਵੇਂ ਤੇ ਕਿੱਥੋਂ ਤੱਕ ਪ੍ਰਭਾਵਿਤ ਕੀਤਾ ਹੈ ਬਾਰੇ ਵਿਸਥਾਰ ਵਿਚ ਜਾਣ ਦੀ ਲੋੜ ਹੈ। ਇਸ ਪ੍ਰਸੰਗ ਵਿਚ ਸੈਮੀਨਾਰ ਦਾ ਵਿਸ਼ਾ 'ਪੰਜਾਬੀ ਸਭਿਆਚਾਰ 'ਤੇ ਵਿਸ਼ਵੀਕਰਨ ਦਾ ਪ੍ਰਭਾਵ' ਬੜਾ ਮਹੱਤਵਪੂਰਨ ਹੈ ਅਤੇ ਮੌਜੂਦਾ ਸਮੇਂ ਦੀ ਵੱਡੀ ਲੋੜ ਵੀ।

## ਵਿਸ਼ਾ

# ਪੰਜਾਬੀ ਸਭਿਆਚਾਰ 'ਤੇ ਵਿਸ਼ਵੀਕਰਨ ਦਾ ਪ੍ਰਭਾਵ

## ਉਪ ਵਿਸ਼ੇ

1. ਪੰਜਾਬੀ ਸਭਿਆਚਾਰ: ਮੂਲ ਪਛਾਣ ਦਾ ਮਸਲਾ
2. ਜਨ-ਸੰਚਾਰ (Mass Media) ਤੇ ਪੰਜਾਬੀ ਸਭਿਆਚਾਰ
3. ਵਿਸ਼ਵ ਮੰਡੀ ਤੇ ਸਭਿਆਚਾਰਕ ਸਿਰਜਨਾਵਾਂ
4. ਪੰਜਾਬ: ਅਵਾਸ ਤੇ ਪਰਵਾਸ ਦੇ ਮਸਲੇ
5. ਪੰਜਾਬੀ ਭਾਸ਼ਾ ਦੇ ਭਵਿੱਖ ਦਾ ਸਵਾਲ
6. ਪੰਜਾਬੀ ਪਹਿਰਾਵਾ: ਨਵੇਂ ਰੁਝਾਨ ਦੀ ਸਮਾਜਕਤਾ
7. ਪੰਜਾਬੀਆਂ ਦੇ ਖਾਣ-ਪੀਣ ਦੇ ਬਦਲ ਰਹੇ ਸ਼ੌਂਕ
8. ਪੰਜਾਬੀ ਪਿੰਡਾਂ ਦਾ ਬਦਲ ਰਿਹਾ ਮੁਹਾਂਦਰਾ
9. ਪੰਜਾਬੀ ਮਨੋਰੰਜਨੀ ਚੈਨਲ ਤੇ ਸਭਿਆਚਾਰ ਮੁੱਲ ਵਿਧਾਨ
10. ਪੰਜਾਬੀ ਗਾਇਕੀ ਦਾ ਬਦਲਦਾ ਮੁਹਾਂਦਰਾ
11. ਅਜੋਕੇ ਦੌਰ ਵਿਚ ਸਾਹਿਤ ਪ੍ਰਤੀ ਪਾਠਕਾਂ ਦੀ ਬੇਰੁੱਖੀ
12. ਵਿਸ਼ਵੀਕਰਨ ਦੇ ਦੌਰ ਵਿੱਚ ਟੁੱਟ ਰਹੀਆਂ ਭਾਈਚਾਰਕ ਤੰਦਾਂ